## ਹਾਂ-ਪੱਖੀ ਸਹਿਮਤੀ ਦੀ ਪਰਿਭਾਸ਼ਾ

ਹਾਂ-ਪੱਖੀ ਸਹਿਮਤੀ, ਜਿਨਸੀ ਗਤੀਵਿਧੀ ਵਿੱਚ ਸ਼ਾਮਲ ਹੋਣ ਲਈ ਜਾਣਦੇ ਹੋਏ, ਆਪਣੀ ਮਰਜ਼ੀ ਮੁਤਾਬਕ, ਅਤੇ ਆਪਸੀ ਫੈਸਲਾ ਹੁੰਦਾ ਹੈ। ਸਹਿਮਤੀ ਸ਼ਬਦਾਂ ਜਾਂ ਸਰੀਰਕ-ਸੰਕੇਤਾਂ ਨਾਲ ਦਿੱਤੀ ਜਾ ਸਕਦੀ ਹੈ, ਜਦੋਂ ਤੱਕ ਕਿ ਇਹ ਸ਼ਬਦ ਜਾਂ ਸਰੀਰਕ-ਸੰਕੇਤ ਜਿਨਸੀ ਗਤੀਵਿਧੀ ਵਿੱਚ ਸ਼ਾਮਲ ਹੋਣ ਲਈ ਇੱਛਾ ਸਬੰਧੀ ਸਪਸ਼ਟ ਪ੍ਰਵਾਨਗੀ ਬਾਰੇ ਦੱਸਦੇ ਹਨ। ਚੁੱਪੀ ਜਾਂ ਵਿਰੋਧਤਾ ਦੀ ਕਮੀ, ਆਪਣੇ ਆਪ ਵਿੱਚ ਸਹਿਮਤੀ ਦਾ ਪ੍ਰਗਟਾਵਾ ਨਹੀਂ ਕਰਦੀ। ਸਹਿਮਤੀ ਦੀ ਪਰਿਭਾਸ਼ਾ ਸਹਿਭਾਗੀ ਦੇ ਲਿੰਗ, ਜਿਨਸੀ ਰੁਝਾਨ, ਲਿੰਗੀ ਪਛਾਣ, ਜਾਂ ਲਿੰਗੀ ਪ੍ਰਗਟਾਅ ਦੇ ਆਧਾਰ 'ਤੇ ਵੱਖ-ਵੱਖ ਨਹੀਂ ਹੁੰਦੀ।

ਕਿਸੇ ਧਿਰ ਦਰਮਿਆਨ ਜਾਂ ਉਸ ਦੇ ਨਾਲ ਕਿਸੇ ਵੀ ਜਿਨਸੀ ਗਤੀਵਿਧੀ ਲਈ ਸਹਿਮਤੀ ਜਾਂ ਅਗਾਊਂ ਸਹਿਮਤੀ ਵਾਲੀ ਜਿਨਸੀ ਗਤੀਵਿਧੀ ਜ਼ਰੂਰੀ ਤੌਰ 'ਤੇ ਕਿਸੇ ਹੋਰ ਜਿਨਸੀ ਗਤੀਵਿਧੀ ਲਈ ਸਹਿਮਤੀ ਬਣਦੀ ਹੈ।

ਸਹਿਮਤੀ ਉਸ ਵੇਲੇ ਵੀ ਜ਼ਰੂਰੀ ਹੁੰਦੀ ਹੈ ਭਾਵੇਂ ਗਤੀਵਿਧੀ ਦੀ ਸ਼ੁਰੂਆਤ ਕਰਨ ਵਾਲਾ ਵਿਅਕਤੀ ਡਰੱਗਜ਼ ਅਤੇ/ਜਾਂ ਅਲਕੋਹਲ ਦੇ ਨਸ਼ੇ ਹੇਠ ਹੋਵੇ।

ਸਹਿਮਤੀ ਪਹਿਲਾਂ ਦਿੱਤੀ ਜਾ ਸਕਦੀ ਹੈ ਪਰ ਕਿਸੇ ਵੀ ਸਮੇਂ ਵਾਪਸ ਲਈ ਜਾ ਸਕਦੀ ਹੈ।

ਉਸ ਸਮੇਂ ਸਹਿਮਤੀ ਨਹੀਂ ਦਿੱਤੀ ਜਾ ਸਕਦੀ ਜਦੋਂ ਵਿਅਕਤੀ ਅਸਮਰਥ ਹੋਵੇ, ਅਜਿਹਾ ਉਸ ਸਮੇਂ ਹੁੰਦਾ ਹੈ ਜਦੋਂ ਕਿਸੇ ਵਿਅਕਤੀ ਅੰਦਰ ਜਾਣਦੇ ਹੋਏ ਜਿਨਸੀ ਗਤੀਵਿਧੀ ਵਿੱਚ ਸ਼ਾਮਲ ਹੋਣ ਬਾਰੇ ਚੋਣ ਕਰਨ ਦੀ ਸਮਰੱਥਾ ਨਹੀਂ ਹੁੰਦੀ। ਅਸਮਰਥਤਾ ਹੋਸ਼ ਦੀ ਕਮੀ ਜਾਂ ਨੀਂਦ ਵਿੱਚ ਹੋਣ ਕਰਕੇ, ਇੱਛਾ ਵਿਰੁੱਧ ਨਿਯੰਤ੍ਰਿਤ ਕਰਕੇ ਵੀ ਹੋ ਸਕਦੀ ਹੈ, ਜਾਂ ਜੇਕਰ ਕੋਈ ਵਿਅਕਤੀ ਕਿਸੇ ਹੋਰ ਤਰ੍ਹਾਂ ਨਾਲ ਸਹਿਮਤੀ ਨਹੀਂ ਦੇ ਸਕਦਾ। ਨਸ਼ੇ ਦੀ ਹੱਦ 'ਤੇ ਨਿਰਭਰ ਕਰਦੇ ਹੋਏ, ਕੋਈ ਵਿਅਕਤੀ ਅਲਕੋਹਲ, ਡਰੱਗਜ਼, ਜਾਂ ਕਿਸੇ ਹੋਰ ਨਸ਼ੀਲੇ ਪਦਾਰਥਾਂ ਦੇ ਪ੍ਰਭਾਵ ਹੇਠ ਹੋ ਸਕਦਾ ਹੈ ਅਤੇ ਇਸ ਲਈ ਸਹਿਮਤੀ ਦੇਣ ਦੇ ਸਮਰੱਥ ਨਹੀ ਹੁੰਦਾ।

ਸਹਿਮਤੀ ਉਸ ਸਮੇਂ ਵੀ ਨਹੀਂ ਦਿੱਤੀ ਜਾ ਸਕਦੀ ਜਦੋਂ ਇਹ ਕਿਸੇ ਜ਼ਬਰਦਸਤੀ, ਡਰਾਉਣ-ਧਮਕਾਉਣ, ਦਬਾਅ, ਜਾਂ ਨੁਕਸਾਨ ਦੀ ਧਮਕੀ ਦਾ ਨਤੀਜਾ ਹੁੰਦੀ ਹੈ।

ਜਦੋਂ ਸਹਿਮਤੀ ਵਾਪਸ ਲੈ ਲਈ ਜਾਂਦੀ ਹੈ ਜਾਂ ਅੱਗੇ ਲਈ ਨਹੀਂ ਦਿੱਤੀ ਜਾ ਸਕਦੀ, ਤਾਂ ਜਿਨਸੀ ਗਤੀਵਿਧੀ ਲਾਜ਼ਮੀ ਤੌਰ 'ਤੇ ਬੰਦ ਕਰਨੀ ਚਾਹੀਦੀ ਹੈ।

## ਡਰੱਗ ਅਤੇ ਅਲਕੋਹਲ ਦੀ ਵਰਤੋਂ ਦੇ ਆਚਰਣ ਸਬੰਧੀ ਦੋਸ਼ਾਂ ਤੋਂ ਮੁਆਫ਼ੀ

Rockland Community College ਵਿਖੇ ਹਰੇਕ ਵਿਦਿਆਰਥੀ ਦੀ ਸਿਹਤ ਅਤੇ ਸੁਰੱਖਿਆ ਸਭ ਤੋਂ ਵੱਧ ਅਹਿਮੀਅਤ ਰੱਖਦੀ ਹੈ। RCC ਇਸ ਗੱਲ ਨੂੰ ਸਮਝਦਾ ਹੈ ਕਿ ਜਿਹੜੇ ਵਿਦਿਆਰਥੀ ਹਿੰਸਾ, ਜਿਸ ਵਿੱਚ ਘਰੇਲੂ ਹਿੰਸਾ, ਡੇਟਿੰਗ ਸਬੰਧੀ ਹਿੰਸਾ, ਪਿੱਛਾ ਕਰਨਾ, ਜਾਂ ਜਿਨਸੀ ਹਮਲਾ ਸ਼ਾਮਲ ਹਨ ਪਰ ਜੋ ਇਹਨਾਂ ਤੱਕ ਹੀ ਸੀਮਤ ਨਹੀਂ ਹੈ, ਹੋਣ ਸਮੇਂ ਸ਼ਰਾਬ ਪੀਂਦੇ ਰਹੇ ਹਨ ਅਤੇ/ਜਾਂ ਡਰੱਗਜ਼ ਦੀ ਵਰਤੋਂ ਕਰਦੇ ਰਹੇ ਹਨ (ਭਾਵੇਂ ਅਜਿਹੀ ਵਰਤੋਂ ਆਪਣੀ ਮਰਜ਼ੀ ਨਾਲ ਸੀ ਜਾਂ ਮਰਜ਼ੀ ਦੇ ਵਿਰੁੱਧ) ਤਾਂ ਉਹ ਆਪਣੇ ਖੁਦ ਦੇ ਆਚਰਣ ਦੇ ਸੰਭਾਵੀ ਨਤੀਜਿਆਂ ਦੇ ਡਰ ਤੋਂ ਅਜਿਹੀਆਂ ਘਟਨਾਵਾਂ ਦੀ ਰਿਪੋਰਟ ਕਰਨ ਤੋਂ ਝਿਜਕ ਮਹਿਸੂਸ ਕਰ ਸਕਦੇ ਹਨ। RCC ਵਿਦਿਆਰਥੀਆਂ ਨੂੰ

ਪੁਰਜੋਰ ਢੰਗ ਨਾਲ ਉਤਸ਼ਾਹਿਤ ਕਰਦਾ ਹੈ ਕਿ ਉਹ ਘਰੇਲੂ ਹਿੰਸਾ, ਡੇਟਿੰਗ ਸਬੰਧੀ ਹਿੰਸਾ, ਪਿੱਛਾ ਕੀਤੇ ਜਾਣ ਜਾਂ ਜਿਨਸੀ ਹਮਲੇ ਬਾਰੇ ਸੰਸਥਾ ਦੇ ਅਧਿਕਾਰੀਆਂ ਕੋਲ ਰਿਪੋਰਟ ਕਰਨ। ਚੰਗੀ ਭਾਵਨਾ ਤਹਿਤ ਕਾਰਵਾਈ ਕਰਨ ਵਾਲਾ ਕੋਲ ਖੜ੍ਹਾ ਵਿਅਕਤੀ, ਜਾਂ ਚੰਗੀ ਭਾਵਨਾ ਤਹਿਤ ਰਿਪੋਰਟਿੰਗ ਕਰਨ ਵਾਲਾ ਵਿਅਕਤੀ ਜੋ ਘਰੇਲੂ ਹਿੰਸਾ, ਡੇਟਿੰਗ ਸਬੰਧੀ ਹਿੰਸਾ, ਪਿੱਛਾ ਕੀਤੇ ਜਾਣ ਜਾਂ ਜਿਨਸੀ ਹਮਲੇ ਦੀ ਕਿਸੇ ਘਟਨਾ ਦਾ RCC ਦੇ ਅਧਿਕਾਰੀਆਂ ਜਾਂ ਕਾਨੂੰਨ ਲਾਗੂ ਕਰਨ ਵਾਲਿਆਂ ਕੋਲ ਖੁਲਾਸਾ ਕਰਦਾ ਹੈ ਉਸ ਨੂੰ ਘਰੇਲੂ ਹਿੰਸਾ, ਡੇਟਿੰਗ ਸਬੰਧੀ ਹਿੰਸਾ, ਪਿੱਛਾ ਕੀਤੇ ਜਾਣ ਜਾਂ ਜਿਨਸੀ ਹਮਲਾ ਕੀਤੇ ਜਾਣ ਸਮੇਂ ਜਾਂ ਇਸ ਦੇ ਨਜ਼ਦੀਕੀ ਸਮੇਂ ਅਲਕੋਹਲ ਅਤੇ/ਜਾਂ ਡਰੱਗ ਦੀ ਵਰਤੋਂ ਕਰਨ ਸਬੰਧੀ ਨੀਤੀਆਂ ਦੀ ਉਲੰਘਣਾਵਾਂ ਲਈ RCC's ਦੇ ਵਿਹਾਰ ਸਬੰਧੀ ਨਿਯਮਾਂ ਦੀ ਕਾਰਵਾਈ ਹੇਠ ਨਹੀਂ ਲਿਆਂਦਾ ਜਾਵੇਗਾ।

## ਵਿਦਿਆਰਥੀਆਂ ਦੇ ਅਧਿਕਾਰਾਂ ਦਾ ਖਰੜਾ

ਸਾਰੇ ਵਿਦਿਆਰਥੀਆਂ ਨੂੰ ਹੇਠਾਂ ਦਿੱਤੇ ਅਧਿਕਾਰ ਹਨ:

ਸਥਾਨਕ ਕਾਨੂੰਨ ਲਾਗੂ ਕਰਨ ਵਾਲਿਆਂ ਅਤੇ/ਜਾਂ ਰਾਜ ਦੀ ਪੁਲਿਸ ਕੋਲ ਰਿਪੋਰਟ ਕਰਨੀ;

ਘਰੇਲੂ ਹਿੰਸਾ, ਡੇਟਿੰਗ ਸਬੰਧੀ ਹਿੰਸਾ, ਪਿੱਛਾ ਕੀਤੇ ਜਾਣ ਅਤੇ ਜਿਨਸੀ ਹਮਲੇ ਦੇ ਖੁਲਾਸਿਆਂ ਨਾਲ ਗੰਭੀਰਤਾ ਨਾਲ ਨਜਿੱਠਿਆ ਜਾਣਾ;

ਸੰਸਥਾ ਦੁਆਰਾ ਦਬਾਅ ਪਾਏ ਬਿਨਾਂ ਇਸ ਬਾਰੇ ਫੈਸਲਾ ਕਰਨਾ ਕਿ ਕੀ ਜੁਰਮ ਜਾਂ ਉਲੰਘਣਾ ਦਾ ਖੁਲਾਸਾ ਕਰਨਾ ਹੈ ਜਾਂ ਨਹੀਂ ਅਤੇ ਕੀ ਨਿਆਇਕ ਜਾਂ ਆਚਰਣ ਪ੍ਰਕਿਰਿਆ ਅਤੇ/ਜਾਂ ਫ਼ੌਜਦਾਰੀ ਨਿਆਇਕ ਪ੍ਰਕਿਰਿਆ ਵਿੱਚ ਭਾਗ ਲੈਣਾ ਹੈ ਜਾਂ ਨਹੀਂ;

ਅਜਿਹੀ ਪ੍ਰਕਿਰਿਆ ਵਿੱਚ ਭਾਗ ਲੈਣਾ ਜੋ ਉਚਿਤ ਅਤੇ ਨਿਰਪੱਖ ਹੋਵੇ ਅਤੇ ਸੁਣੇ ਜਾਣ ਦੀ ਢੁਕਵੀਂ ਸੂਚਨਾ ਅਤੇ ਅਰਥਪੂਰਨ ਮੌਕਾ ਮੁਹੱਈਆ ਕਰੇ;

ਸਵੈ-ਮਾਣ ਨਾਲ ਵਿਹਾਰ ਕੀਤੇ ਜਾਣਾ ਅਤੇ ਸੰਸਥਾ ਤੋਂ ਨਿਮਰ, ਉਚਿਤ, ਅਤੇ ਸਤਿਕਾਰਪੂਰਨ ਸਿਹਤ ਸੰਭਾਲ, ਅਤੇ ਜਿੱਥੇ ਉਪਲਬਧ ਹੋਵੇ ਕਾਉਂਸਲਿੰਗ ਸੇਵਾਵਾਂ ਪ੍ਰਾਪਤ ਕਰਨੀਆਂ;

ਅਜਿਹੇ ਕਿਸੇ ਵੀ ਸੁਝਾਅ ਤੋਂ ਸੁਤੰਤਰ ਰਹਿਣਾ ਕਿ ਜਦੋਂ ਇਹ ਜੁਰਮ ਅਤੇ ਉਲੰਘਣਾਵਾਂ ਕੀਤੀਆਂ ਜਾਂਦੀਆਂ ਹਨ ਤਾਂ ਰਿਪੋਰਟ ਕਰਨ ਵਾਲੇ ਵਿਅਕਤੀ ਦਾ ਕਸੂਰ ਹੁੰਦਾ ਹੈ, ਜਾਂ ਉਸ ਨੂੰ ਅਜਿਹੇ ਜੁਰਮਾਂ ਜਾਂ ਉਲੰਘਣਾਵਾਂ ਤੋਂ ਬਚਣ ਲਈ ਵੱਖਰੇ ਤਰੀਕੇ ਨਾਲ ਵਿਹਾਰ ਕਰਨਾ ਚਾਹੀਦਾ ਸੀ;

ਘਟਨਾ ਦਾ ਵਰਨਣ ਵਿਹਾਰਕ ਹੱਦ ਤੱਕ ਸੰਸਥਾ ਦੇ ਘੱਟ ਤੋਂ ਘੱਟ ਪ੍ਰਤਿਨਿਧੀਆਂ ਕੋਲ ਕਰਨਾ ਅਤੇ ਘਟਨਾ ਦੇ ਵਰਨਣ ਦੇ ਬੇਲੋੜੇ ਦੁਹਰਾਓ ਦੀ ਲੋੜ ਨਹੀਂ ਹੋਣੀ।

ਸੰਸਥਾ, ਕਿਸੇ ਵਿਦਿਆਰਥੀ, ਮੁਲਜ਼ਮ ਅਤੇ/ਜਾਂ ਪ੍ਰਤਿਵਾਦੀ, ਅਤੇ/ਜਾਂ ਉਸ ਦੇ ਦੋਸਤਾਂ, ਪਰਿਵਾਰ ਅਤੇ ਸੰਸਥਾ ਦੇ ਅਧਿਕਾਰ-ਖੇਤਰ ਵਿੱਚ ਆਉਂਦੇ ਕਿਸੇ ਜਾਣਕਾਰ ਵਿਅਕਤੀ ਵੱਲੋਂ ਜਵਾਬੀ ਕਾਰਵਾਈ ਤੋਂ ਬਚਾਅ ਕੀਤਾ ਜਾਣਾ;

ਨਿਰਧਾਰਣ ਦੀ ਅਪੀਲ ਦੇ ਘੱਟੋ-ਘੱਟ ਇੱਕ ਪੱਧਰ ਲਈ ਅਪੀਲ ਕਰਨੀ;

ਆਪਣੀ ਪਸੰਦ ਦੇ ਸਲਾਹਕਾਰ ਨੂੰ ਨਾਲ ਰੱਖਣਾ ਜੋ ਨਿਆਇਕ ਜਾਂ ਆਚਰਣ ਦੀ ਸਮੁੱਚੀ ਪ੍ਰਕਿਰਿਆ, ਜਿਸ ਵਿੱਚ ਅਜਿਹੀ ਪ੍ਰਕਿਰਿਆ ਨਾਲ ਸਬੰਧਤ ਸਾਰੀਆਂ ਮੀਟਿੰਗਾਂ ਅਤੇ ਸੁਣਵਾਈਆਂ ਸ਼ਾਮਲ ਹਨ, ਦੇ ਦੌਰਾਨ ਰਿਪੋਰਟ ਕਰਨ ਵਾਲੇ ਵਿਅਕਤੀ, ਮੁਲਜ਼ਮ, ਜਾਂ ਪ੍ਰਤਿਵਾਦੀ ਦੀ ਸਹਾਇਤਾ ਕਰ ਸਕਦਾ ਹੈ ਅਤੇ ਸਲਾਹ ਦੇ ਸਕਦਾ ਹੈ;

ਸੰਸਥਾ ਦੀ ਜਾਂਚਾਤਮਕ, ਫ਼ੌਜਦਾਰੀ ਨਿਆਇਕ, ਜਾਂ ਨਿਆਇਕ ਜਾਂ ਆਚਰਣ ਪ੍ਰਕਿਰਿਆ ਦੁਆਰਾ ਦਖਲਅੰਦਾਜ਼ੀ ਕੀਤੇ ਬਿਨਾਂ ਦਿਵਾਨੀ ਹੱਕਾਂ ਦੀ ਵਰਤੋਂ ਕਰਨੀ ਅਤੇ ਧਰਮ ਦੀ ਪਾਲਣਾ ਕਰਨੀ।

ਅਧਿਕਾਰ ਨਸਲ, ਰੰਗ, ਰਾਸ਼ਟਰੀ ਮੂਲ, ਧਰਮ, ਪੰਥ, ਉਮਰ, ਅਸਮਰਥਤਾ, ਲਿੰਗ, ਲਿੰਗੀ ਪਛਾਣ ਜਾਂ ਪ੍ਰਗਟਾਅ, ਜਿਨਸੀ ਰੁਝਾਨ, ਪਰਿਵਾਰਕ ਰੁਤਬੇ, ਗਰਭਅਵਸਥਾ, ਪਹਿਲਾਂ ਤੋਂ ਮੌਜੂਦ ਅਨੁਵੰਸ਼ਕ ਵਿਸ਼ੇਸ਼ਤਾਵਾਂ, ਫੌਜੀ ਰੁਤਬੇ, ਘਰੇਲੂ ਹਿੰਸਾ ਦੇ ਪੀੜਤ ਦੇ ਰੁਤਬੇ, ਜਾਂ ਫ਼ੌਜਦਾਰੀ ਦੋਸ਼-ਸਿੱਧੀ ਵੱਲ ਧਿਆਨ ਦਿੱਤੇ ਬਿਨਾਂ ਅਤੇ ਇਸ ਗੱਲ ਵੱਲ ਗੌਰ ਕੀਤੇ ਬਿਨਾਂ ਲਾਗੂ ਹੁੰਦੇ ਹਨ ਕਿ ਕੀ ਜੁਰਮ ਜਾਂ ਉਲੰਘਣਾ ਕੈਂਪਸ ਦੇ ਅੰਦਰ, ਕੈਂਪਸ ਤੋਂ ਬਾਹਰ, ਜਾਂ ਵਿਦੇਸ਼ ਵਿੱਚ ਪੜ੍ਹਦੇ ਸਮੇਂ ਹੁੰਦੀ ਹੈ।

ਤੁਹਾਡੇ ਕੋਲ ਯੂਨੀਵਰਸਿਟੀ ਪੁਲਿਸ ਜਾਂ ਕੈਂਪਸ ਸਿਕਉਰਿਟੀ, ਸਥਾਨਕ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਅਤੇ/ਜਾਂ ਰਾਜ ਦੀ ਪੁਲਿਸ ਕੋਲ ਰਿਪੋਰਟ ਕਰਨ ਜਾਂ ਰਿਪੋਰਟ ਨਾ ਕਰਨ ਦਾ; ਆਪਣੀ ਸੰਸਥਾ ਨੂੰ ਘਟਨਾ ਦੀ ਰਿਪੋਰਟ ਕਰਨ ਦਾ; ਘਟਨਾ ਦੀ ਰਿਪੋਰਟਿੰਗ ਲਈ ਜਵਾਬੀ ਕਾਰਵਾਈ ਲਈ ਸੰਸਥਾ ਵੱਲੋਂ ਬਚਾਅ ਕੀਤੇ ਜਾਣ ਦਾ; ਅਤੇ ਆਪਣੀ ਸੰਸਥਾ ਤੋਂ ਸਹਾਇਤਾ ਅਤੇ ਸ੍ਰੋਤ ਪ੍ਰਾਪਤ ਕੀਤੇ ਜਾਣ ਦਾ ਹੱਕ ਹੁੰਦਾ ਹੈ।